# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10**

**ਮਿਤੀ : 26-06-2025**

ਭਾਰਤੀ ਹਵਾਈ ਫੌਜ ਦੇ ਗਰੁੱਪ ਕੈਪਟਨ ਸ਼ੁਭਾਂਸ਼ੂ ਸ਼ੁਕਲਾ ਅੰਤਰਰਾਸ਼ਟਰੀ ਪੁਲਾੜ ਸਟੇਸ਼ਨ (ISS) 'ਤੇ ਪਹੁੰਚਣ ਵਾਲੇ ਪਹਿਲੇ ਭਾਰਤੀ ਬਣ ਕੇ ਇਤਿਹਾਸ ਰਚਣ ਜਾ ਰਹੇ ਨੇ । ਗਰੁੱਪ ਕੈਪਟਨ ਸ਼ੁਕਲਾ ਅਤੇ ਚਾਲਕ ਦਲ ਦੇ ਤਿੰਨ ਹੋਰ ਮੈਂਬਰਾਂ ਨੂੰ ਲੈ ਕੇ Axiom-4 ਮਿਸ਼ਨ ਅੱਜ ਸ਼ਾਮ ਸਾਢੇ 4 ਵਜੇ ISS ਨਾਲ DOCK ਹੋ ਜਾਏਗਾ । ਡ੍ਰੈਗਨ, ਐਕਸ-4 ਕਮਾਂਡਰ ਪੈਗੀ ਵਿਟਸਨ, ਪਾਇਲਟ ਸ਼ੁਭਾਂਸ਼ੂ ਸ਼ੁਕਲਾ, ਅਤੇ ਮਿਸ਼ਨ ਮਾਹਿਰ ਸਲਾਓਸਜ਼ ਉਜ਼ਨਸਕੀ ਵਿਸਨੀਵਸਕੀ ਅਤੇ ਟਿਬੋਰ ਕਾਪੂ ਨੂੰ ਲੈ ਕੇ ਜਾ ਰਿਹਾ ਏ। 41 ਸਾਲਾਂ ਬਾਅਦ, ਭਾਰਤ ਦਾ ਕੋਈ ਪੁਲਾੜ ਯਾਤਰੀ ਪੁਲਾੜ ‘ਚ ਗਿਆ ਏ। ਲਖਨਊ ਵਿੱਚ ਜਨਮੇ ਸ਼ੁਭਾਂਸ਼ੂ ਸ਼ੁਕਲਾ 1984 ਵਿੱਚ ਰਾਕੇਸ਼ ਸ਼ਰਮਾ ਦੀ ਉਡਾਣ ਤੋਂ ਬਾਅਦ ਪੁਲਾੜ ਵਿੱਚ ਜਾਣ ਵਾਲੇ ਦੂਜੇ ਭਾਰਤੀ ਵੀ ਨੇ। ਇਸ ਦੌਰਾਨ, ਸ਼ੁਕਲਾ ਨੇ ਪੁਲਾੜ

ਤੋਂ ਇੱਕ ਲਾਈਵ ਸੁਨੇਹਾ ਭੇਜਿਆ ਜਿਸ ਵਿੱਚ ਕਿਹਾ ਗਿਆ ਏ ਕਿ ਉਹ ਆਪਣੇ ਸਾਥੀ ਪੁਲਾੜ ਯਾਤਰੀਆਂ ਨਾਲ ਪੁਲਾੜ 'ਚ ਹੋਣ 'ਤੇ ਬਹੁਤ ਖੁਸ਼ ਨੇ। ਓਹਨਾਂ ਨੇ ਸਾਰਿਆਂ ਦਾ ਧੰਨਵਾਦ ਕੀਤਾ ਅਤੇ ਕਿਹਾ ਕਿ ਇਹ ਕੋਈ ਨਿੱਜੀ ਪ੍ਰਾਪਤੀ ਨਹੀਂ ਸਗੋਂ ਯਾਤਰਾ ਦਾ ਹਿੱਸਾ ਰਹੇ ਹਰੇਕ ਵਿਅਕਤੀ ਦੀ ਸਮੂਹਿਕ ਪ੍ਰਾਪਤੀ ਏ -

BYTE-

--------------------------------------------------

ਪੰਜਾਬ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਕਿਹੈ ਕਿ ਸੂਬੇ ਨੂੰ ਨਸ਼ਾ ਮੁਕਤ ਕਰਨ ਵਿੱਚ ਹਰ ਤਰ੍ਹਾਂ ਦੇ ਉਪਰਾਲੇ ਕੀਤੇ ਜਾ ਰਹੇ ਨੇ ਅਤੇ ਨਸ਼ਾ ਵੇਚਣ ਜਾਂ ਇਸ ਦੀ ਤਸਕਰੀ ਵਿੱਚ ਸ਼ਾਮਿਲ ਕਿਸੇ ਵੀ ਵਿਅਕਤੀ ਨੂੰ ਬਖਸ਼ਿਆ ਨਹੀਂ ਜਾਵੇਗਾ। ਅੱਜ ਯੁੱਧ ਨਸਿਆਂ ਵਿਰੁੱਧ ਮੁਹਿੰਮ ਬਾਰੇ ਚੰਡੀਗੜ੍ਹ ਵਿੱਚ ਇੱਕ ਪ੍ਰੈਸ ਕਾਨਫਰਸ ਨੂੰ ਸੰਬੋਧਨ ਕਰਦਿਆਂ ਮੁੱਖ ਮੰਤਰੀ ਨੇ ਇਹ ਭਰੋਸਾ ਦਿਵਾਇਆ ਕਿ ਕੋਈ ਵੀ ਵਿਅਕਤੀ ਭਾਵੇਂ ਉਹ ਸਿਆਸੀ ਜਾਂ ਪ੍ਰਸ਼ਾਸਨਿਕ ਤੌਰ ਤੇ ਕਿਸੇ ਵੀ ਉੱਚ ਅਹੁਦੇ ਤੇ ਹੋਵੇ, ਜੇਕਰ ਨਸ਼ਿਆਂ ਦੀ ਤਸਕਰੀ ਜਾਂ ਨਸ਼ੇ ਵੇਚਣ ਵਿੱਚ ਸ਼ਾਮਿਲ ਪਾਇਆ ਗਿਆ ਤਾਂ

ਉਸ ਖਿਲਾਫ਼ ਢੁਕਵੀਂ ਕਾਰਵਾਈ ਕੀਤੀ ਜਾਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਹੁਣ ਨਸ਼ਾ ਵੇਚਣ ਵਿੱਚ ਲੱਗੀਆਂ ਛੋਟੀਆਂ ਮੱਛੀਆਂ ਦੇ ਨਾਲ-ਨਾਲ ਵੱਡੀਆਂ ਮੱਛੀਆਂ ਤੇ ਵੀ ਸ਼ਿਕੰਜਾ ਕੱਸਿਆ ਜਾ ਰਿਹਾ ਜਿਸ ਦੇ ਆਉਂਦੇ ਦਿਨਾਂ ਵਿੱਚ ਹੋਰ ਵੀ ਸਬੂਤ ਮਿਲਣਗੇ। ਦੂਜੇ ਪਾਸੇ, ਅੱਜ ਜਦੋਂ ਵਿਸ਼ਵ ਪੱਧਰ 'ਤੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਅਤੇ ਗੈਰ-ਕਾਨੂੰਨੀ ਤਸਕਰੀ ਵਿਰੁੱਧ ਕੌਮਾਂਤਰੀ ਦਿਵਸ ਮਨਾਇਆ ਜਾ ਰਿਹਾ ਏ, ਪੰਜਾਬ ਪੁਲਿਸ ਨੇ ਨਸ਼ਿਆਂ ਵਿਰੁੱਧ ਆਪਣੀ ਅਣਥੱਕ ਲੜਾਈ ਨੂੰ ਜਾਰੀ ਰੱਖਣ ਬਾਰੇ ਦੱਸਿਆ ਏ। ਪੰਜਾਬ ਪੁਲਿਸ ਮੁਖੀ ਗੌਰਵ ਯਾਦਵ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਕਿਹਾ ਏ ਕਿ ਤਸਕਰਾਂ 'ਤੇ ਕਾਰਵਾਈ ਕਰਨ ਤੋਂ ਲੈ ਕੇ ਸਪਲਾਈ ਚੇਨਾਂ ਨੂੰ ਤੋੜਨ ਅਤੇ ਮੁੜ ਵਸੇਬੇ ਦਾ ਪ੍ਰਬੰਧ ਕਰਨ ਤੱਕ, ਪੰਜਾਬ ਪੁਲਿਸ ਸਾਰੇ ਜ਼ਰੂਰੀ ਕਦਮ ਚੁੱਕ ਰਹੀ ਏ। ਉਨ੍ਹਾਂ ਕਿਹਾ ਕਿ ਯੁੱਧ ਨਸਿਆਂ ਵਿਰੁੱਧ ਮਿਸ਼ਨ ਸਿਰਫ਼ ਇੱਕ ਲਾਗੂ ਕਰਨ ਵਾਲੀ ਮੁਹਿੰਮ ਨਹੀਂ ਏ, ਸਗੋਂ ਇਹ ਇੱਕ ਲੋਕ ਲਹਿਰ ਬਣ ਗਈ ਏ । ਉਨ੍ਹਾਂ ਕਿਹਾ ਸਾਨੂੰ ਉਨ੍ਹਾਂ ਨਾਗਰਿਕਾਂ ਵੱਲੋਂ ਮਿਲ ਰਹੀ ਹਮਾਇਤ ਉਤਸ਼ਾਹਿਤ

ਕਰ ਰਹੀ ਏ, ਜਿਹੜੇ ਨਸ਼ੀਲੇ ਪਦਾਰਥਾਂ ਦੀਆਂ ਗਤੀਵਿਧੀਆ ਦੀ ਪੁਲਿਸ ਨੂੰ ਜਾਣਕਾਰੀ ਦੇ ਰਹੇ ਨੇ ਅਤੇ ਜਾਗਰੂਕਤਾ ਫੈਲਾ ਰਹੇ ਨੇ।

----------------------------------------------------------

ਉਧਰ ਮੋਹਾਲੀ ਵਿੱਚ ਵੀ ਨਸ਼ਿਆਂ ਦੇ ਖ਼ਤਰੇ ਵਿਰੁੱਧ ਲੋਕਾਂ ਨੂੰ ਜਾਗਰੂਕ ਕਰਨ ਲਈ ਕਈ ਪ੍ਰੋਗਰਾਮ, ਸਾਈਕਲੋਥੌਨ, ਰੈਲੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਨੇ । ਇਸ ਤਹਿਤ ਨਾਰਕੋ ਕੰਟਰੋਲ ਬਿਊਰੋ ਵਿਖੇ ਡਿਪਟੀ ਡਾਇਰੈਕਟਰ ਜਨਰਲ ਸੰਬਿਤ ਮਿਸ਼ਰਾ ਅਤੇ ਵਧੀਕ ਡਾਇਰੈਕਟਰ ਅਮਨਜੀਤ ਸਿੰਘ ਵੱਲੋਂ ਇੱਕ ਐਂਟੀ ਡਰੱਗਜ਼ ਸਾਈਕਲੋਥੌਨ ਨੂੰ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਗਿਆ। ਸਾਈਕਲੋਥੌਨ ਵਿਚ BSF, NIA, GST, ਦੇ ਨਾਲ-ਨਾਲ NCB ਸਾਈਕਲਿੰਗ ਗਰੁੱਪ ਸਮੇਤ ਵੱਖ-ਵੱਖ NGO ਅਤੇ ਸਾਈਕਲਿੰਗ ਗਰੁੱਪ ਸ਼ਾਮਲ ਹੋਏ।

----------------------------------------------------------

ਸ਼੍ਰੀ ਅਮਰਨਾਥ ਯਾਤਰਾ ਵਿੱਚ ਸ਼ਰਧਾਲੂਆਂ ਦੀ ਸੁਰੱਖਿਆ ਲਈ ਇਸ ਵਰ੍ਹੇ ਵੀ ਢੁੱਕਵੇਂ ਪ੍ਰਬੰਧ ਕੀਤੇ ਗਏ ਨੇ। ਇਸ ਲਈ, ਪੰਜਾਬ ਪੁਲਿਸ ਨੇ ਇੱਕ ਬਹੁ-ਪੱਖੀ ਅਤੇ ਵਿਆਪਕ ਸੁਰੱਖਿਆ ਯੋਜਨਾ ਲਾਗੂ ਕੀਤੀ ਏ।

ਪਵਿੱਤਰ ਅਮਰਨਾਥ ਯਾਤਰਾ 3 ਜੁਲਾਈ ਤੋਂ ਸ਼ੁਰੂ ਰਹੀ ਏ ਜੋ 9 ਅਗਸਤ ਤੱਕ ਜਾਰੀ ਰਹੇਗੀ। ਯਾਤਰਾ ਮਾਰਗਾਂ 'ਤੇ 24 ਘੰਟੇ ਨਿਗਰਾਨੀ ਲਈ ਮੁਕੰਮਲ ਪ੍ਰਬੰਧ ਕੀਤੇ ਗਏ ਨੇ। ਇਸ ਲਈ, ਇੱਕ ਕਮਾਂਡ ਅਤੇ ਕੰਟਰੋਲ ਸੈਂਟਰ ਵੀ ਸਥਾਪਤ ਕੀਤਾ ਗਿਆ ਏ ਜੋ ਆਉਣ-ਜਾਣ ਵਾਲੇ ਵਾਹਨਾਂ ਅਤੇ ਸ਼ਰਧਾਲੂਆਂ ਦੀ ਸਹੂਲਤ ਲਈ ਯਾਤਰਾ ਮਾਰਗਾਂ ਦੀ 24 ਘੰਟੇ ਨਿਗਰਾਨੀ ਕਰੇਗਾ। ਪੰਜਾਬ ਪੁਲਿਸ ਦੇ ਵਿਸ਼ੇਸ਼ ਡੀਜੀਪੀ, ਕਾਨੂੰਨ ਅਤੇ ਵਿਵਸਥਾ, ਅਰਪਿਤ ਸ਼ੁਕਲਾ ਨੇ ਯਾਤਰਾ ਨਾਲ ਸਬੰਧਤ ਤਿਆਰੀਆਂ ਦਾ ਜਾਇਜ਼ਾ ਲੈਣ ਲਈ ਬੀਤੀ ਸ਼ਾਮ ਪਠਾਨਕੋਟ ਵਿੱਚ ਪੁਲਿਸ, ਫੌਜ ਅਤੇ ਸਥਾਨਕ ਪ੍ਰਸ਼ਾਸਨ ਦੇ ਸੀਨੀਅਰ ਅਧਿਕਾਰੀਆਂ ਨਾਲ ਮੀਟਿੰਗ ਕੀਤੀ। ਉਨ੍ਹਾਂ ਕਿਹਾ ਕਿ ਕਿਸੇ ਵੀ ਸੰਭਾਵੀ ਖ਼ਤਰੇ ਦਾ ਪਤਾ ਲਾਉਣ ਅਤੇ ਰੋਕਣ ਲਈ ਸੰਵੇਦਨਸ਼ੀਲ ਥਾਵਾਂ 'ਤੇ ਸੁਰੱਖਿਆ ਜਾਂਚ ਕੀਤੀ ਜਾ ਰਹੀ ਏ। ਪਵਿੱਤਰ ਅਮਰਨਾਥ ਯਾਤਰਾ ਲਈ ਹਰ ਸਾਲ ਲੱਖਾਂ ਸ਼ਰਧਾਲੂ ਆਉਂਦੇ ਨੇ, ਜਿਨ੍ਹਾਂ ਵਿੱਚੋਂ ਬਹੁਤ ਸਾਰੇ ਸ਼ਰਧਾਲੂ ਪੰਜਾਬ, ਖਾਸ ਕਰਕੇ ਪਠਾਨਕੋਟ ਜ਼ਿਲ੍ਹੇ ਵਿੱਚੋਂ ਲੰਘਦੇ ਹੋਏ, ਜੰਮੂ ਅਤੇ ਕਸ਼ਮੀਰ ਵਿੱਚ ਪਵਿੱਤਰ ਤੀਰਥ ਅਸਥਾਨ ਜਾਂਦੇ ਨੇ।

-----------------------------------------------

ਹਾਕੀ ਇੰਡੀਆ ਮਾਸਟਰਜ਼ ਕੱਪ ਵਿੱਚ, ਕੱਲ੍ਹ ਔਰਤਾਂ ਦੇ ਫਾਈਨਲ ਵਿੱਚ ਓਡੀਸ਼ਾ ਦਾ ਮੁਕਾਬਲਾ ਪੰਜਾਬ ਨਾਲ ਹੋਵੇਗਾ। ਸੈਮੀਫਾਈਨਲ ਮੈਚਾਂ ਵਿੱਚ ਪੰਜਾਬ ਨੇ ਹਰਿਆਣਾ ਨੂੰ 3-2 ਨਾਲ ਹਰਾਇਆ ਅਤੇ ਓਡੀਸ਼ਾ ਨੇ ਮੇਜ਼ਬਾਨ ਤਾਮਿਲਨਾਡੂ ਨੂੰ 4-1 ਨਾਲ ਹਰਾਇਆ ਏ। ਤੀਜੇ ਸਥਾਨ ਲਈ ਮੈਚ ਵਿੱਚ ਮੇਜ਼ਬਾਨ ਤਾਮਿਲਨਾਡੂ ਦਾ ਸਾਹਮਣਾ ਹਰਿਆਣਾ ਨਾਲ ਹੋਵੇਗਾ। ਮਰਦਾਂ ਦੇ ਹਾਕੀ ਦੇ ਫਾਈਨਲ ਵਿੱਚ, ਮੇਜ਼ਬਾਨ ਤਾਮਿਲਨਾਡੂ ਦਾ ਮੁਕਾਬਲਾ ਭਲਕੇ ਮਹਾਰਾਸ਼ਟਰ ਨਾਲ ਹੋਵੇਗਾ। ਚੰਡੀਗੜ੍ਹ ਦਾ ਮੁਕਾਬਲਾ ਤੀਜੇ ਸਥਾਨ ਲਈ ਓਡੀਸ਼ਾ ਨਾਲ ਹੋਵੇਗਾ।

-----------------------------------------------

ਪੰਜਾਬ ਵਿੱਚ ਸਮੇਂ ਤੋਂ ਕਈ ਦਿਨ ਪਹਿਲਾਂ ਪੁੱਜਾ ਮਾਨਸੂਨ ਹੁਣ ਪੂਰੇ ਸੂਬੇ ਤੇ ਛਾ ਚੁੱਕਾ ਏ। ਅੱਜ ਸਵੇਰ ਤੋਂ ਜਲੰਧਰ ਸਮੇਤ ਸੂਬੇ ਦੇ ਕਈ ਜਿਲਿਆਂ ਵਿਚ ਭਾਰੀ ਬਾਰਿਸ਼ ਹੋ ਰਹੀ ਏ। ਮੌਸਮ ਵਿਭਾਗ ਨੇ 29 ਤੇ 30 ਜੂਨ ਨੂੰ ਵੀ ਕਈ ਥਾਵਾਂ ‘ਤੇ ਹਲਕੀ ਤੋਂ ਦਰਮਿਆਨੀ ਬਾਰਿਸ਼ ਦੀ ਪੇਸ਼ੀਨਗੋਈ ਕੀਤੀ ਏ।